# PC–22062/NH

**AS–2111**

ਪੰਜਾਬੀ ਲਾਜ਼ਮੀ

Paper–A

(Semester–I)

(Syllabus : December, 2018)

Time : Three Hours] [Maximum Marks : 75

**ਭਾਗ-ੳ**

I. 'ਓਜ਼ੋਨ ਦਾ ਛਿੱਜਦਾ ਛਤਰ' ਨਿਬੰਧ ਦਾ ਵਿਸ਼ਾ-ਵਸਤੂ ਬਿਆਨ ਕਰੋ।

**ਜਾਂ**

'ਸਾਡੇ ਪੰਦਰਾਂ ਦਿਨ, ਉਸਦੀ ਇਕ ਰਾਤ' ਨਿਬੰਧ ਦਾ ਸਾਰ ਲਿਖੋ।

**ਜਾਂ**

'ਪਰਮਾਣੂ ਅਤੇ ਪਰਮਾਣੂ ਸ਼ਕਤੀ' ਨਿਬੰਧ ਦਾ ਵਿਸ਼ਾ-ਵਸਤੂ ਬਿਆਨ ਕਰੋ। 12

II. ਕਿਸੇ **ਇਕ** ਪ੍ਰਸ਼ਨ ਦਾ ਉੱਤਰ ਦਿਓ :

(ੳ) ਪਾਣੀ ਜ਼ਿੰਦਗੀ ਨੂੰ ਜਿਉਣਯੋਗ ਹੀ ਨਹੀਂ ਬਣਾਉਂਦਾ, ਇਹ ਪ੍ਰਕਿਰਤੀ ਨਾਲ ਸਾਨੂੰ ਪਿਆਰ ਵਾਲਾ ਉਪਕਾਰੀ ਵਿਹਾਰ ਵੀ ਸਿਖਾਉਂਦਾ ਹੈ ਸਬੰਧੀ ਆਪਣੇ ਵਿਚਾਰ ਸਪਸ਼ਟ ਕਰੋ।

(ਅ) ਡਾ. ਸੁਰਜੀਤ ਸਿੰਘ ਢਿੱਲੋ ਦੁਆਰਾ ਰਚਿਤ ਨਿਬੰਧ 'ਜੀਵਨ ਦਾ ਮੁੱਢ' ਵਿਚ ਆਏ ਵਿਚਾਰਾਂ ਸਬੰਧੀ ਚਰਚਾ ਕਰੋ।

(ੲ) 'ਕੀ ਖਾਈਏ ਤੇ ਕਿੰਨਾਂ ਖਾਈਏ' ਨਿਬੰਧ ਵਿਚ ਲੇਖਕ ਦੁਆਰਾ ਪਾਠਕਾਂ ਨੂੰ ਖੁਰਾਕ ਸਬੰਧੀ ਕਿਵੇਂ ਸੁਚੇਤ ਕੀਤਾ ਹੈ? 12×1=12

## ਭਾਗ–ਅ

III. ਆਪਣੇ ਰਾਜ ਦੇ ਵਿੱਦਿਆ ਮੰਤਰੀ ਨੂੰ ਇਕ ਚਿੱਠੀ ਰਾਹੀਂ ਇਹ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿਚ ਇਕ ਤਕਨੀਕੀ ਕਾਲਜ ਖੋਲ੍ਹਿਆ ਜਾਵੇ।

**ਜਾਂ**

ਨਗਰ ਨਿਗਮ ਦੇ ਮੁੱਖ ਸਿਹਤ ਅਧਿਕਾਰੀ ਨੂੰ ਬਰਸਾਤਾਂ ਕਾਰਨ ਫੈਲੀ ਗੰਦਗੀ ਨੂੰ ਦੂਰ ਕਰਨ ਲਈ ਪੱਤਰ ਲਿਖੋ। 9

IV. ਉਚਾਰਨ ਸਥਾਨ ਤੋਂ ਕੀ ਭਾਵ ਹੈ? ਉਚਾਰਨ ਸਥਾਨ ਦੇ ਆਧਾਰ 'ਤੇ ਪੰਜਾਬੀ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ।

**ਜਾਂ**

ਲਿਪੀ ਕੀ ਹੁੰਦੀ ਹੈ? ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਸਬੰਧੀ ਜਾਣਕਾਰੀ ਦਿਓ।

**ਜਾਂ**

ਸਵਰ ਧੁਨੀਆਂ ਕੀ ਹੁੰਦੀਆਂ ਹਨ? ਸਵਰ ਧੁਨੀਆਂ ਦਾ ਵਰਗੀਕਰਨ ਕਿਨ੍ਹਾਂ ਆਧਾਰਾਂ 'ਤੇ ਕੀਤਾ ਜਾਂਦਾ ਹੈ? 12

## ਭਾਗ-ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਵਿਗਿਆਨੀ ਪੂਰਨ ਸਿੰਘ ਦੀ ਕਿਹੋ ਜਿਹੀ ਸ਼ਖਸ਼ੀਅਤ ਦੇ ਦੀਦਾਰ ਹੋਏ ਹਨ?
2. 'ਟੈਟਨਸ' ਨਿਬੰਧ ਦਾ ਲੇਖਕ ਕੌਣ ਹੈ?
3. ਓਜ਼ੋਨ ਦੀ ਪਰਤ ਕਿਵੇਂ ਪ੍ਰਾਣੀ-ਮੰਡਲ ਨੂੰ ਖਤਰਿਆਂ ਤੋਂ ਸੁਰਖਿਅਤ ਰੱਖਦੀ ਹੈ?
4. ਕੰਪਿਊਟਰ ਦੇ ਪਿਤਾਮਾ ਦਾ ਕੀ ਨਾਂ ਹੈ?
5. ਐਲ.ਐਸ.ਡੀ. ਦਾ ਪੂਰਾ ਨਾਂ ਕੀ ਹੈ?
6. 'ਜੀਵ-ਜੰਤੂਆਂ ਦਾ ਸੰਚਾਰ ਪ੍ਰਬੰਧ' ਨਿਬੰਧ ਦਾ ਲੇਖਕ ਕੌਣ ਹੈ?
7. ਧਰਤੀ ਆਪਣੇ ਧੁਰੇ ਦੁਆਲੇ ਇਕ ਚੱਕਰ ਕਿੰਨੇ ਸਮੇਂ ਵਿਚ ਪੂਰਾ ਕਰਦੀ ਹੈ?
8. ਵਿਅੰਜਨ ਧੁਨੀਆਂ ਕਿਹੜੀਆਂ ਹੁੰਦੀਆਂ ਹਨ?
9. ਖੰਡੀ ਧੁਨੀਆਂ ਕੀ ਹੁੰਦੀਆਂ ਹਨ?
10. ਦੰਤੀ ਧੁਨੀਆਂ ਬਾਰੇ ਜਾਣਕਾਰੀ ਦਿਓ।
11. ਲਿਪੀ ਕੀ ਹੁੰਦੀ ਹੈ?

12. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ?

13. ਲਗਾਖਰ ਕਿਸ ਨੂੰ ਆਖਦੇ ਹਨ?

14. ਸੰਘੋਸ਼ ਮਹਾਂਪ੍ਰਾਣ ਧੁਨੀਆਂ ਕਿਹੜੀਆਂ ਹੁੰਦੀਆਂ ਹਨ?

15. ਪੰਜਾਬੀ ਵਿਚ ਕਿੰਨੇ ਸਵਰ ਵਾਹਕ ਹਨ? 15×2=30

———————